بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤਵੱਕੁਲ ਅਲੱਲਾਹ੍ ਦੇ ਹਵਾਲੇ ਨਾਲ਼ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦਾ ਪਾਕੀਜ਼ਾ ਨਮੂਨਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ੍ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 09 ਅਕਤੂਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَ رَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦੇ **ਤਵੱਕੁਲ** (ਵਿਸ਼ਵਾਸ) ਦੇ ਵਾਕ਼ਿਆਤ ਬਿਆਨ ਕਰਦੇ ਹੋਏ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਐਮ.ਏ ਰਜ਼ਿਯੱਲਾਹੁ ਅਨਹੁ ਲਿਖਦੇ ਹਨ ਕਿ ਡਾ. ਮੀਰ ਮੁਹੱਮਦ ਇਸਮਾਈਲ ਰਜ਼ਿਯੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਇਲਾਜ ਮੁਆਲਜੇ ਵਿੱਚ ਹਜ਼ੂਰ ﷺ ਦਾ ਤਰੀਕ਼ਾ ਸੀ ਕੇ ਕਦੀ ਇੱਕ ਹੀ ਕ਼ਿਸਮ ਦਾ ਇਲਾਜ ਨਹੀਂ ਕਰਦੇ ਸਨ ਬਲਕਿ ਇੱਕ ਹੀ ਬਿਮਾਰੀ ਵਿੱਚ ਅੰਗਰੇਜ਼ੀ ਦਵਾਈ ਵੀ ਦਿੰਦੇ ਰਹਿੰਦੇ ਸਨ ਅਤੇ ਯੂਨਾਨੀ ਵੀ। ਜਿਹੜਾ ਕੋਈ ਸ਼ਖ਼ਸ ਫ਼ਾਇਦੇਮੰਦ ਗੱਲ ਕਹਿ ਦੇਵੇ ਉਸ 'ਤੇ ਵੀ ਅਮਲ ਕਰਦੇ ਸਨ। ਜੇਕਰ ਕਿਸੇ ਨੂੰ ਖ਼ਾਬ ਵਿੱਚ ਕੁੱਝ ਗਿਆਨ ਪ੍ਰਾਪਤ ਹੋਇਆ ਹੋਵੇ ਤਾਂ ਕਈ ਵਾਰ ਉਸ 'ਤੇ ਵੀ ਅਮਲ ਕਰਦੇ ਸਨ। ਨਾਲ਼ ਦੁਆ ਵੀ ਕਰਦੇ ਸਨ ਅਤੇ ਇੱਕ ਹੀ ਵੇਲ਼ੇ **ਡਾਕਟਰਾਂ** ਅਤੇ **ਹਕੀਮਾਂ** ਦੇ ਮਸ਼ਵਰੇ ਵੀ ਲੈਂਦੇ ਸਨ। ਤਿੱਬ ਦੀਆਂ ਕਿਤਾਬਾਂ ਦੇਖ ਕੇ ਵੀ ਇਲਾਜ ਵਿੱਚ ਮਦਦ ਲੈਂਦੇ ਸਨ। ਭਾਵ ਇਲਾਜ ਨੂੰ ਇੱਕ ਮਿਸ਼ਰਣ ਬਣਾ ਦਿੰਦੇ ਸਨ ਅਤੇ ਅਸਲ ਭਰੋਸਾ ਆਪ ﷺ ਦਾ ਅੱਲਾਹ ਤਆਲਾ 'ਤੇ ਹੀ ਹੁੰਦਾ ਸੀ।

ਨਬੀਆਂ ਅਤੇ ਆਮ ਆਦਮੀ ਦੀ ਬੇ-ਚੈਨੀ ਦਾ ਫ਼ਰਕ਼ ਸਪਸ਼ਟ ਕਰਦੇ ਹੋਏ ਹਜ਼ੂਰ ﷺ ਫ਼ਰਮਾਉਂਦੇ ਹਨ ਕਿ ਭਾਂਵੇਂ ਇਨਸਾਨ ਨੂੰ ਇਨਸਾਨੀਅਤ ਦੇ ਤਕ਼ਾਜ਼ੇ ਕਾਰਨ ਬੇ-ਚੈਨੀ ਹੁੰਦੀ ਹੈ ਪਰ ਉਹ ਇਨਸਾਨੀਅਤ ਦਾ ਤਕ਼ਾਜ਼ਾ ਹੈ ਅਤੇ ਸਾਰੇ ਨਬੀ ਵੀ ਇਸ ਵਿੱਚ ਸ਼ਰੀਕ ਹਨ; ਜਿਵੇਂ ਕਿ ਜੰਗਿ ਬਦਰ ਵਿੱਚ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਨੂੰ ਬੇ-ਚੈਨੀ ਹੋਈ ਸੀ। ਆਮ ਲੋਕਾਂ ਅਤੇ ਨਬੀਆਂ ਵਿੱਚ ਇਹ ਫ਼ਰਕ਼ ਹੈ ਕਿ ਆਮ ਲੋਕਾਂ ਦੀ ਤਰ੍ਹਾਂ ਨਬੀਆਂ ਦੀ ਬੇ-ਚੈਨੀ ਵਿੱਚ **ਮਾਯੂਸੀ** ਕਦੀ ਨਹੀਂ ਹੁੰਦੀ। ਉਨ੍ਹਾਂ ਨੂੰ ਇਸ ਗੱਲ 'ਤੇ ਯਕ਼ੀਨ ਹੁੰਦਾ ਹੈ ਕਿ ਖ਼ੁਦਾ ਕਦੀ ਉਨ੍ਹਾਂ ਨੂੰ ਬਰਬਾਦ ਨਹੀਂ ਕਰੇਗਾ। ਮੇਰਾ ਆਪਣਾ ਇਹ ਹਾਲ ਹੈ ਕਿ ਜੇਕਰ ਮੈਨੂੰ ਬਲ਼ਦੀ ਅੱਗ ਵਿੱਚ ਵੀ ਪਾਇਆ ਜਾਵੇ ਤਾਂ ਵੀ ਇਹੀ ਖ਼ਿਆਲ ਹੁੰਦਾ ਹੈ ਕਿ ਬਰਬਾਦ ਕਦੀ ਨਹੀਂ ਹੋਵਾਂਗਾ। ਬੇ-ਚੈਨੀ ਤਾਂ ਹੋਵੇਗੀ ਕਿ ਅੱਗ ਹੈ, ਇਸ ਨਾਲ਼ ਇਨਸਾਨ ਸੜ ਜਾਂਦਾ ਹੈ ਪਰ ਉਮੀਦ ਹੁੰਦੀ ਹੈ ਕਿ ਹੁਣੇ ਆਵਾਜ਼ ਆਵੇਗੀ ਕਿ ਐ ਅੱਗ! ਤੂੰ ਇਬਰਾਹੀਮ ਦੇ ਲਈ ਠੰਡੀ ਵੀ ਹੋ ਜਾ ਅਤੇ ਉਸ ਦੇ ਲਈ ਸਲਾਮਤੀ ਦਾ ਕਾਰਨ ਵੀ ਬਣ ਜਾ। ਪਰ ਦੂਸਰੇ ਲੋਕਾਂ ਦੀ ਬੇ-ਚੈਨੀ ਵਿੱਚ **ਮਾਯੂਸੀ** ਹੁੰਦੀ ਹੈ **ਨਾ-ਉਮੀਦੀ** ਹੁੰਦੀ ਹੈ; ਜਿਨ੍ਹਾਂ ਦਾ ਈਮਾਨ ਨਹੀਂ ਹੁੰਦਾ। ਖ਼ੁਦਾ ਕੋਲੋਂ ਤਾਂ ਉਨ੍ਹਾਂ ਨੂੰ ਕੋਈ ਉਮੀਦ ਨਹੀਂ ਹੁੰਦੀ ਅਤੇ ਇਹ ਕੁਫ਼ਰ ਹੈ। ਬਸ ਬੇ-ਚੈਨੀ ਵਿੱਚ ਜਿਸ ਤਰ੍ਹਾਂ ਅੱਲਾਹ ਤਆਲਾ 'ਤੇ **ਤਵੱਕੁਲ** (ਵਿਸ਼ਵਾਸ) ਨਬੀਆਂ ਦਾ ਖ਼ਾਸਾ ਹੈ; ਇਸੇ ਤਰ੍ਹਾਂ ਇੱਕ ਮੋਮਿਨ ਨੂੰ ਵੀ ਚਾਹੀਦਾ ਹੈ ਕਿ ਨਬੀਆਂ ਅਤੇ ਖ਼ਾਸ ਤੌਰ 'ਤੇ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸੁੱਨਤ 'ਤੇ ਚੱਲਦੇ ਹੋਏ ਮਾਯੂਸੀ ਅਤੇ

ਨਾ-ਉੱਮੀਦੀ ਨੂੰ ਆਪਣੇ ਕੋਲ਼ ਨਾ ਆਉਣ ਦੇਵੇ। ਬੇ-ਚੈਨੀ ਵਿੱਚ ਵੀ ਅੱਲਾਹ ਤਆਲਾ ‘ਤੇ **ਤਵੱਕੁਲ** (ਵਿਸ਼ਵਾਸ) ਹੋਣਾ ਚਾਹੀਦਾ ਹੈ। ਸਾਧਨਾਂ ਦਾ ਇਸਤੇਮਾਲ ਹੋਵੇ, ਦੁਆਵਾਂ ‘ਤੇ ਜ਼ੋਰ ਹੋਵੇ ਅਤੇ ਫਿਰ ਅੱਲਾਹ ਤਆਲਾ ‘ਤੇ **ਤਵੱਕੁਲ** (ਵਿਸ਼ਵਾਸ) ਹੋਵੇ। ਆਪ عليه السلام ਨੇ ਮੋਮਿਨਾਂ ਨੂੰ ਵੀ ਇਹ ਨਸੀਹਤ ਫ਼ਰਮਾਈ ਕਿ ਮੋਮਿਨ ਦਾ ਵੀ ਇਹ ਕੰਮ ਹੈ ਕਿ ਉਸ ਨੂੰ ਅੱਲਾਹ ਤਆਲਾ ‘ਤੇ **ਤਵੱਕੁਲ** (ਵਿਸ਼ਵਾਸ) ਰਹਿਣਾ ਚਾਹੀਦਾ ਹੈ ਅਤੇ ਮਾਯੂਸੀ ਇਸ ਤਰ੍ਹਾਂ ਨਹੀਂ ਆਉਣੀ ਚਾਹੀਦੀ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਐਮ.ਏ ਰਜ਼ਿਯੱਲਾਹੁ ਅਨਹੁ ਲਿਖਦੇ ਹਨ ਕਿ ਮੁਨਸ਼ੀ ਜ਼ਫ਼ਰ ਅਹਮਦ ਕਪੂਰਥਲਵੀ ਰਜ਼ਿਯੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਜਲਸਾ ਸਲਾਨਾ ਦੇ ਮੌਕੇ ‘ਤੇ ਮਾਲੀ ਤੰਗੀ ਦੇ ਕਾਰਨ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ ਮਹਿਮਾਨਾਂ ਦੇ ਲਈ ਆਪਣੀ ਪਤਨੀ ਦਾ ਗਹਿਣਾ ਵੇਚ ਕੇ ਜਾਂ ਗਹਿਣੇ ਰਖਵਾ ਕੇ ਇੰਤਿਜ਼ਾਮ ਕੀਤਾ। ਦੋ ਦਿਨ ਬਾਅਦ ਜਦ ਦੁਬਾਰਾ ਖ਼ਰਚੇ ਦੀ ਫ਼ਿਕਰ ਹੋਈ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਕਿ ਜਿਸ ਦੇ ਮਹਿਮਾਨ ਹਨ ਉਹ ਆਪ ਇੰਤਿਜ਼ਾਮ ਕਰੇਗਾ। ਅਗਲੀ ਸਵੇਰ ਵੱਖ-ਵੱਖ ਥਾਵਾਂ ਤੋਂ 50 ਅਤੇ 100 ਰੁਪਏ ਦੇ ਕਈ ਮਨੀ ਆਰਡਰ ਹਾਸਿਲ ਹੋਏ। ਇਸ ਵਾਕੇ ਤੋਂ ਸਬਕ਼ ਮਿਲ਼ਦਾ ਹੈ ਕਿ ਅੱਲਾਹ ਤਆਲਾ ‘ਤੇ **ਕਾਮਿਲ ਤਵੱਕੁਲ** (ਪੂਰਨ ਵਿਸ਼ਵਾਸ) ਰੱਖਣ ਵਾਲਿਆਂ ਨੂੰ ਲੋੜ ਵੇਲ਼ੇ ਉਸ ਦੇ ਵੱਲੋਂ ਗੁਪਤ ਮਦਦ ਪਹੁੰਚਦੀ ਹੈ।

ਹਜ਼ਰਤ ਖ਼ਲੀਫ਼ਤੁਲ੍ ਮਸੀਹ ਅੱਵਲ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਸਾਡੇ ਹਜ਼ਰਤ ਸਾਹਿਬ عليه السلام ਫ਼ਰਮਾਇਆ ਕਰਦੇ ਸਨ ਕਿ ਕਿਸੇ ਨੂੰ ਖ਼ੁਸ਼ੀ ਹੈ ਕਿ ਮੇਰੇ ਕੋਲ਼ **ਮਾਲ** ਹੈ, ਕਿਸੇ ਨੂੰ ਖ਼ੁਸ਼ੀ ਹੈ ਕਿ ਮੇਰੀ **ਔਲਾਦ** ਬਹੁਤ ਹੈ ਅਤੇ ਕਿਸੇ ਨੂੰ ਖ਼ੁਸ਼ੀ ਹੈ ਕਿ ਮੇਰਾ **ਜੱਥਾ** ਬਹੁਤ ਹੈ ਪਰ ਮੈਂ ਖ਼ੁਸ਼ ਹਾਂ ਕਿ ਮੇਰਾ ਖ਼ੁਦਾ **ਕ਼ਾਦਿਰ ਮੁਤਲਕ਼** ਹੈ।

ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਅਸਲ **ਰਾਜ਼ਿਕ਼** (ਰਿਜ਼ਕ਼ ਦੇਣ ਵਾਲ਼ਾ) ਖ਼ੁਦਾ ਤਆਲਾ ਹੈ। ਉਹ ਸ਼ਖ਼ਸ ਜਿਹੜਾ ਉਸ ‘ਤੇ ਭਰੋਸਾ ਕਰਦਾ ਹੈ; ਕਦੀ ਰਿਜ਼ਕ਼ ਤੋਂ ਵਾਂਝਾ ਨਹੀਂ ਰਹਿ ਸਕਦਾ। ਉਹ ਹਰ ਤਰ੍ਹਾਂ ਅਤੇ ਹਰ ਜਗ੍ਹਾ ਤੋਂ ਆਪਣੇ ‘ਤੇ **ਤਵੱਕੁਲ** (ਵਿਸ਼ਵਾਸ) ਕਰਨ ਵਾਲੇ ਸ਼ਖ਼ਸ ਦੇ ਲਈ ਰਿਜ਼ਕ਼ ਪਹੁੰਚਾਉਂਦਾ ਹੈ। ਖ਼ੁਦਾ ਤਆਲਾ ਫ਼ਰਮਾਉਂਦਾ ਹੈ ਕਿ ਜਿਹੜਾ ਮੇਰੇ ‘ਤੇ ਭਰੋਸਾ ਕਰੇ ਅਤੇ **ਤਵੱਕੁਲ** (ਵਿਸ਼ਵਾਸ) ਕਰੇ; ਮੈਂ ਉਸ ਦੇ ਲਈ ਆਸਮਾਨ ਤੋਂ ਵਰ੍ਹਾਉਂਦਾ ਹਾਂ ਅਤੇ ਕ਼ਦਮਾਂ ਦੇ ਥੱਲਿਓਂ ਕੱਢਦਾ ਹਾਂ। ਬਸ ਚਾਹੀਦਾ ਹੈ ਕਿ ਹਰ ਇੱਕ ਸ਼ਖ਼ਸ ਖ਼ੁਦਾ ਤਆਲਾ ‘ਤੇ ਭਰੋਸਾ ਕਰੇ।

ਹਜ਼ਰਤ ਸ਼ੇਖ ਯਅਕ਼ੂਬ ਅਲੀ ਇਰਫ਼ਾਨੀ ਰਜ਼ਿਯੱਲਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਹਜ਼ਰਤ ਮਿਰਜ਼ਾ ਬਸ਼ੀਰੁਦ-ਦੀਨ ਮਹਮੂਦ ਅਹਮਦ ਰਜ਼ਿਯੱਲਾਹੁ ਅਨਹੁ ਦੇ ਬਚਪਨ ਵਿੱਚ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ ਇੱਕ ਈਮਾਨ ਵਰਧਕ ਕਹਾਣੀ ਸੁਣਾਈ। ਇੱਕ ਬਜ਼ੁਰਗ ਦੀ ਨਸੀਹਤ ‘ਤੇ ਇੱਕ ਚੋਰ ਨੇ ਚੋਰੀ ਛੱਡ ਕੇ ਅੱਲਾਹ ਤਆਲਾ ‘ਤੇ **ਤਵੱਕੁਲ** (ਵਿਸ਼ਵਾਸ) ਅਤੇ ਤਕ਼ਵਾ ਇਖ਼ਤਿਆਰ ਕੀਤਾ ਤਾਂ ਉਸ ਦੀਆਂ ਲੋੜਾਂ ਗੁਪਤ ਤੌਰ ‘ਤੇ ਪੂਰੀਆਂ ਹੋਣ ਲੱਗੀਆਂ। ਕ਼ੁਰਆਨੀ ਆਯਤਾਂ ਨੇ ਉਸ ਦੇ ਦਿਲ ਵਿੱਚ ਖ਼ੁਦਾ ਤਆਲਾ ਦੀ **ਅਜ਼ਮਤ** (ਮਹਾਨਤਾ) ਅਤੇ **ਮਅਰਿਫ਼ਤ** (ਪਛਾਣ) ਨੂੰ ਇਸ ਕ਼ਦਰ ਵਧਾਇਆ ਕਿ ਉਹ **ਇਸ਼ਕ਼ਿ ਇਲਾਹੀ** ਵਿੱਚ ਤੜਪ ਉੱਠਿਆ। ਇਹ ਵਾਕ਼ਿਆ ਸਬਕ਼ ਦਿੰਦਾ ਹੈ ਕਿ ਸੱਚਾ **ਤਵੱਕੁਲ** (ਵਿਸ਼ਵਾਸ) ਅਤੇ **ਤਕ਼ਵਾ** ਇਨਸਾਨ ਨੂੰ ਖ਼ੁਦਾ ਤਆਲਾ ਦੀ **ਕ਼ੁਰਬਤ** (ਨੇੜਤਾ) ਅਤੇ **ਮਅਰਿਫ਼ਤ** (ਪਛਾਣ) ਦੇ ਅਜਿਹੇ ਮੁਕ਼ਾਮ ਤੱਕ ਪਹੁੰਚਾ ਦਿੰਦੇ ਹਨ ਜਿੱਥੇ ਦੁਨੀਆਵੀ ਲੋੜਾਂ ਵੀ ਉਸ ਦੇ ਫ਼ਜ਼ਲ ਨਾਲ਼ ਪੂਰੀਆਂ ਹੁੰਦੀਆਂ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਲੋਕ ਆਮ ਤੌਰ ‘ਤੇ ਕਹਿੰਦੇ ਹਨ ਕਿ ਛੋਟੇ ਬੱਚਿਆਂ ਨੂੰ ਜ਼ਿਆਦਾ ਗਹਿਰੀਆਂ ਗੱਲਾਂ ਦੀ ਸਮਝ ਨਹੀਂ ਆਉਂਦੀ ਪਰ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ ਹਜ਼ਰਤ ਮਿਰਜ਼ਾ ਬਸ਼ੀਰੁਦ-ਦੀਨ ਮਹਮੂਦ ਅਹਮਦ ਰਜ਼ਿਯੱਲਾਹੁ ਅਨਹੁ ਨੂੰ, ਜਦ ਉਨ੍ਹਾਂ ਦੀ ਉਮਰ ਸਿਰਫ਼ ਨੌਂ (09) ਸਾਲ ਸੀ, ਇਹ ਕਹਾਣੀ ਸੁਣਾਈ। ਬੇ-ਸ਼ੱਕ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ ਹਜ਼ਰਤ ਮਿਰਜ਼ਾ ਬਸ਼ੀਰੁਦ-ਦੀਨ ਮਹਮੂਦ ਅਹਮਦ ਰਜ਼ਿਯੱਲਾਹੁ ਅਨਹੁ ਦੀ ਹੁਸ਼ਿਆਰੀ ਦੇ ਮੁਤਾਬਿਕ਼ ਹੀ ਇਹ ਕਹਾਣੀ ਸੁਣਾਈ ਹੋਵੇਗੀ। ਆਪ عليه السلام ਨੂੰ ਪਤਾ ਹੋਵੇਗਾ ਕਿ ਇਹ ਸਮਝ ਜਾਵੇਗਾ; ਪਰ ਇਹ ਵੀ ਆਪ عليه السلام ਦੇ ਪੇਸ਼ਿ ਨਜ਼ਰ ਹੋਵੇਗਾ ਕਿ ਬਚਪਨ ਤੋਂ ਹੀ ਬੱਚਿਆਂ ਵਿੱਚ **ਤਵੱਕੁਲ** (ਵਿਸ਼ਵਾਸ) ਦੀ ਅਹਿਮੀਅਤ ਪੈਦਾ ਕੀਤੀ ਜਾਣੀ ਚਾਹੀਦੀ ਹੈ। ਬਸ ਤਰਬੀਅਤ ਦੇ ਇਹ ਅਸੂਲ ਸਾਡੇ ਸਭ ਦੇ ਲਈ ਰਹਿਨੁਮਾ ਹਨ।

ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਇਆ ਕਰਦੇ ਸਨ ਕਿ ਮੇਰੇ ਨਜ਼ਦੀਕ ਸਭ ਤੋਂ ਵੱਡੇ ਮੁਸ਼ਰਿਕ ਕੀਮੀਆਗਰ ਹਨ। ਇਹ ਰਿਜ਼ਕ ਦੀ ਤਲਾਸ਼ ਵਿੱਚ ਮਾਰੇ ਮਾਰੇ ਫਿਰਦੇ ਹਨ ਪਰ ਉਨ੍ਹਾਂ ਸਾਧਨਾਂ ਤੋਂ ਕੰਮ ਨਹੀਂ ਲੈਂਦੇ ਜਿਹੜੇ ਰਿਜ਼ਕ ਹਾਸਿਲ ਕਰਨ ਦੇ ਲਈ ਅੱਲਾਹ ਤਆਲਾ ਨੇ ਜਾਇਜ਼ ਤੌਰ 'ਤੇ ਤੈ ਕੀਤੇ ਹਨ।..... ਤਕ਼ਵਾ ਇੱਕ ਅਜਿਹੀ ਚੀਜ਼ ਹੈ ਕਿ ਜਿਸ ਨੂੰ ਇਹ ਹਾਸਿਲ ਹੋਵੇ ਉਸ ਨੂੰ ਤਾਂ ਜਿਵੇਂ ਸਾਰੇ ਜਹਾਨ ਦੀਆਂ ਨਿਅਮਤਾਂ ਹਾਸਿਲ ਹੋ ਗਈਆਂ। ਯਾਦ ਰੱਖੋ **ਮੁੱਤਕ਼ੀ** ਕਦੀ ਕਿਸੇ ਦਾ ਮੁਹਤਾਜ ਨਹੀਂ ਹੁੰਦਾ ਬਲਕਿ ਉਹ ਉਸ ਮੁਕ਼ਾਮ 'ਤੇ ਹੁੰਦਾ ਹੈ ਕਿ ਉਹ ਖ਼ੁਦ ਜੋ ਚਾਹੁੰਦਾ ਹੈ ਖ਼ੁਦਾ ਉਸ ਦੇ ਮੰਗਣ ਤੋਂ ਪਹਿਲਾਂ ਮੁਹਈਆ ਕਰ ਦਿੰਦਾ ਹੈ। ਆਪ ﷺ ਫ਼ਰਮਾਉਂਦੇ ਹਨ: ਮੈਂ ਇੱਕ ਕਸ਼੍ਫ਼੍ ਵਿੱਚ ਅੱਲਾਹ ਤਆਲਾ ਨੂੰ ਦੇਖਿਆ ਕਿ ਮੇਰੇ ਗਲ਼ੇ ਵਿੱਚ ਹੱਥ ਪਾ ਕੇ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ **ਜੇ ਤੂੰ ਮੇਰਾ ਹੋ ਰਹੇਂ ਸਭ ਜਗ ਤੇਰਾ ਹੋ**।

ਬਸ ਇਹ ਨੁਸਖ਼ਾ ਹੈ ਜਿਹੜਾ ਸਾਰੇ ਨਬੀਆਂ ਅਤੇ ਵਲੀਆਂ ਅਤੇ ਨੇਕ ਲੋਕਾਂ ਦਾ ਅਜ਼ਮਾਇਆ ਹੋਇਆ ਹੈ। ਨਾਦਾਨ ਲੋਕ ਇਸ ਨੂੰ ਛੱਡ ਕੇ ਬੂਟੀਆਂ ਦੀ ਤਲਾਸ਼ ਵਿੱਚ ਮਾਰੇ ਮਾਰੇ ਫਿਰਦੇ ਹਨ। ਇੰਨੀ ਮਿਹਨਤ ਜੇਕਰ ਉਹ ਬੂਟੀਆਂ ਪੈਦਾ ਕਰਨ ਵਾਲ਼ੇ ਦੇ ਲਈ ਕਰਦੇ ਤਾਂ ਸਭ ਮਨ ਭਾਉਂਦੀਆਂ ਮੁਰਾਦਾਂ ਪਾ ਲੈਂਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਪਾਦਰੀ ਅਬਦੁੱਲਾਹ ਆਥਮ ਦੇ ਲਈ ਪੰਦਰਾਂ (15) ਮਹੀਨੇ ਵਿੱਚ ਹਲਾਕਤ ਦੀ ਭਵਿੱਖ ਬਾਣੀ ਸੀ। ਜਦ ਪੰਦਰਾਂ (15) ਮਹੀਨੇ ਦੀ ਮਿਆਦ ਪੂਰੀ ਹੋ ਰਹੀ ਸੀ ਤਾਂ ਉਸ ਵੇਲ਼ੇ ਕੁੱਝ ਅਹਬਾਬ ਰੋ-ਰੋ ਕੇ ਦੁਆਵਾਂ ਕਰ ਰਹੇ ਸਨ ਕਿ ਆਥਮ ਮਰ ਜਾਵੇ। ਹਜ਼ੂਰ ﷺ ਨੇ ਉਨ੍ਹਾਂ ਅਹਬਾਬ ਦੇ ਇਸ ਕੰਮ ਨੂੰ ਨਾ-ਪਸੰਦ ਕੀਤਾ ਅਤੇ ਫ਼ਰਮਾਇਆ ਕਿ ਕੀ ਕਿਸੇ ਨੂੰ ਖ਼ੁਦਾ ਤੋਂ ਵਧ ਕੇ ਉਸ ਦੇ ਕਲਾਮ ਦੇ ਲਈ **ਗ਼ੈਰਤ** ਹੋ ਸਕਦੀ ਹੈ? ਫ਼ਰਮਾਇਆ ਕਿ ਖ਼ੁਦਾ ਤਆਲਾ ਨੇ ਜਦ ਇਹ ਗੱਲ ਕਹੀ ਹੈ ਕਿ ਅਜਿਹਾ ਹੋਵੇਗਾ ਤਾਂ ਸਾਨੂੰ ਈਮਾਨ ਰੱਖਣਾ ਚਾਹੀਦਾ ਹੈ ਕਿ ਅਜਿਹਾ ਜ਼ਰੂਰ ਹੋਵੇਗਾ। ਸਾਡਾ ਕੰਮ ਸਿਰਫ਼ ਇੰਨਾ ਹੈ ਕਿ ਜਦ ਅਸੀਂ ਇੱਕ ਸ਼ਖ਼ਸ ਨੂੰ ਸੱਚਾ ਮੰਨ ਲਿਆ ਹੈ ਤਾਂ ਉਸ ਦੀਆਂ ਗੱਲਾਂ 'ਤੇ ਯਕ਼ੀਨ ਰੱਖੀਏ।

ਅਬਦੁੱਲਾਹ ਆਥਮ ਦੇ ਨਾਲ਼ **ਮੁਬਾਹਿਸੇ** (ਵਾਦ ਵਿਵਾਦ) ਦੇ ਦੌਰਾਨ ਜਦ ਇੱਕ ਮੌਕ਼ੇ 'ਤੇ ਕੁੱਝ ਅਜਿਹੇ ਸਵਾਲ ਰੱਖੇ ਗਏ ਜਿਨ੍ਹਾਂ ਦੇ ਜਵਾਬ ਕੁੱਝ ਅਹਬਾਬ ਦੇ ਨਜ਼ਦੀਕ ਮੁਸ਼ਕਿਲ ਸਨ ਅਤੇ ਉਨ੍ਹਾਂ ਦੀ ਸਮਝ ਵਿੱਚ ਉਨ੍ਹਾਂ ਦੇ ਜਵਾਬ ਲਈ ਮਸ਼ਵਰਾ ਕੀਤਾ ਜਾ ਸਕਦਾ ਸੀ। ਅਜਿਹੇ ਵਿੱਚ ਫ਼ਾਇਦੇਮੰਦ ਹਵਾਲੇ ਤਲਾਸ਼ ਕਰਕੇ ਹਜ਼ੂਰ ﷺ ਦੀ ਖ਼ਿਦਮਤ ਵਿੱਚ ਪੇਸ਼ ਕੀਤੇ ਗਏ ਕਿ ਹਜ਼ੂਰ ﷺ ਕੱਲ ਦੇ ਮੁਬਾਹਿਸੇ (ਵਾਦ ਵਿਵਾਦ) ਦੇ ਲਈ ਮਸ਼ਵਰਾ ਕੀਤਾ ਜਾ ਸਕਦਾ ਹੈ। ਹਜ਼ੂਰ ﷺ ਮੁਸਕੁਰਾਏ ਅਤੇ ਫ਼ਰਮਾਇਆ: ਤੁਹਾਡੀ **ਦੁਆ** ਹੀ ਕਾਫ਼ੀ ਹੈ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਐਮ.ਏ ਰਜ਼ਿਯੱਲਾਹੁ ਅਨਹੁ ਲਿਖਦੇ ਹਨ ਕਿ ਨਬੀ ਅਕਸਰ ਗੱਲਾਂ ਵਿੱਚ ਮਸ਼ਵਰਾ ਲੈਂਦੇ ਹਨ ਅਤੇ ਉਨ੍ਹਾਂ ਤੋਂ ਵਧ ਕੇ ਕੋਈ ਮਸ਼ਵਰਾ ਨਹੀਂ ਲੈਂਦਾ ਪਰ ਕਈ ਅਜਿਹੇ ਵੇਲ਼ੇ ਵੀ ਹੁੰਦੇ ਹਨ ਕਿ ਜਿਨ੍ਹਾਂ ਵਿੱਚ ਦੂਸਰਿਆਂ ਵਾਸਤਿਆਂ ਨੂੰ ਛੱਡ ਕੇ ਉਹ ਮਹਿਜ਼ ਖ਼ੁਦਾ ਦੀ ਮਦਦ 'ਤੇ ਭਰੋਸਾ ਕਰਨਾ ਪਸੰਦ ਕਰਦੇ ਹਨ।

ਜਦ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ "ਆਈਨਾ ਕਮਾਲਾਤਿ ਇਸਲਾਮ" ਦਾ ਅਰਬੀ ਹਿੱਸਾ ਲਿਖ ਰਹੇ ਸਨ ਤਾਂ ਆਪ ﷺ ਨੇ ਇੱਕ ਵੱਡਾ ਵਰਕ਼ਾ ਹਜ਼ਰਤ ਹਕੀਮ ਮੌਲਵੀ ਨੂਰੁਦ-ਦੀਨ ਖ਼ਲੀਫ਼ਤੁਲ੍ ਮਸੀਹ ਅੱਵਲ ਰਜ਼ਿਯੱਲਾਹੁ ਅਨਹੁ ਨੂੰ ਦਿੱਤਾ ਤਾਂ ਜੋ ਹਜ਼ਰਤ ਮੌਲਵੀ ਅਬਦੁਲ ਕਰੀਮ ਸਿਆਲਕੋਟੀ ਰਜ਼ਿਯੱਲਾਹੁ ਅਨਹੁ ਨੂੰ ਫ਼ਾਰਸੀ ਤਰਜਮਾ ਕਰਨ ਲਈ ਪਹੁੰਚਾ ਦਿੱਤਾ ਜਾਵੇ। ਉਹ ਅਜਿਹਾ ਮਜ਼ਮੂਨ ਸੀ ਕਿ ਉਸ ਦੀ ਫ਼ਸਾਹਤ ਅਤੇ ਬਲਾਗ਼ਤ (ਉੱਤਮਤਾ) 'ਤੇ ਹਜ਼ੂਰ ﷺ ਨੂੰ ਮਾਣ ਸੀ ਕਿ ਅੱਲਾਹ ਤਆਲਾ ਨੇ ਬਹੁਤ ਚੰਗਾ ਮਜ਼ਮੂਨ ਸੁਝਾਇਆ ਹੈ। ਪਰ ਹਜ਼ਰਤ ਹਕੀਮ ਮੌਲਵੀ ਨੂਰੁਦ-ਦੀਨ ਖ਼ਲੀਫ਼ਤੁਲ੍ ਮਸੀਹ ਅੱਵਲ ਰਜ਼ਿਯੱਲਾਹੁ ਅਨਹੁ ਕੋਲ਼ੋਂ ਉਹ ਵਰਕ਼ਾ ਕਿਤੇ ਡਿੱਗ ਗਿਆ। ਜਦ ਹਜ਼ਰਤ ਮੌਲਵੀ ਅਬਦੁਲ ਕਰੀਮ ਸਿਆਲਕੋਟੀ ਰਜ਼ਿਯੱਲਾਹੁ ਅਨਹੁ ਨੇ ਉਨ੍ਹਾਂ ਵਰਕ਼ਿਆਂ ਬਾਰੇ ਪੁੱਛਿਆ ਤਾਂ ਹਜ਼ਰਤ ਹਕੀਮ ਮੌਲਵੀ ਨੂਰੁਦ-ਦੀਨ ਖ਼ਲੀਫ਼ਤੁਲ੍ ਮਸੀਹ ਅੱਵਲ ਰਜ਼ਿਯੱਲਾਹੁ ਅਨਹੁ ਦਾ ਰੰਗ ਉੱਡ ਗਿਆ। ਬੇ-ਹੱਦ ਤਲਾਸ਼ ਕੀਤਾ ਪਰ ਵਰਕ਼ਾ ਨਾ ਮਿਲ਼ਿਆ। ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੂੰ ਸੂਚਨਾ ਮਿਲ਼ੀ ਤਾਂ ਆਪ ﷺ ਆਦਤ ਦੇ ਮੁਤਾਬਿਕ਼ **ਖਿੜੇ ਮੱਥੇ** ਮੁਸਕੁਰਾਉਂਦੇ ਹੋਏ ਬਾਹਰ ਤਸ਼ਰੀਫ਼ ਲਿਆਏ ਅਤੇ ਖ਼ਫ਼ਾ ਹੋਣਾ ਜਾਂ ਘਬਰਾਹਟ ਦਾ ਇਜ਼ਹਾਰ ਕਰਨਾ ਤਾਂ ਇੱਕ ਪਾਸੇ ਉਲਟਾ ਆਪਣੇ ਵੱਲੋਂ **ਮੁਆਫ਼ੀ** ਮੰਗਣ ਲੱਗੇ ਕਿ ਮੌਲਵੀ ਸਾਹਿਬ ਨੂੰ ਵਰਕ਼ਾ ਗਵਾਚਣ ਨਾਲ਼ ਬੇ-ਵਜ੍ਹਾ ਪਰੇਸ਼ਾਨੀ ਹੋਈ।

ਫ਼ਰਮਾਇਆ: ਮੈਨੂੰ ਮੌਲਵੀ ਸਾਹਿਬ ਦੀ ਤਕਲੀਫ਼ ਦੀ ਵਜ੍ਹਾ ਨਾਲ਼ ਬਹੁਤ ਅਫ਼ਸੋਸ ਹੈ। ਮੇਰਾ ਤਾਂ ਇਹ ਈਮਾਨ ਹੈ ਕਿ ਅੱਲਾਹ ਤਆਲਾ ਆਪਣੇ ਫ਼ਜ਼ਲ ਨਾਲ਼ ਗਵਾਚੇ ਹੋਏ ਕਾਗ਼ਜ਼ ਤੋਂ ਬਿਹਤਰ ਮਜ਼ਮੂਨ ਲਿਖਣ ਦੀ ਤੌਫ਼ੀਕ਼ ਅਤਾ ਫ਼ਰਮਾਵੇਗਾ।

ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਇਸਲਾਮ ਦੀ ਖ਼ਿਦਮਤ ਜਿਹੜਾ ਸ਼ਖ਼ਸ **ਦਰਵੇਸ਼ੀ** ਅਤੇ **ਸੰਤੋਖ** ਨਾਲ਼ ਕਰਦਾ ਹੈ; ਉਹ ਇੱਕ ਚਮਤਕਾਰ ਅਤੇ ਨਿਸ਼ਾਨ ਹੋ ਜਾਂਦਾ ਹੈ। ਜਿਹੜਾ ਸ਼ਖ਼ਸ ਜਮੀਅਤ ਦੇ ਨਾਲ਼ ਕਰਦਾ ਹੈ ਉਸ ਦਾ ਮਜ਼ਾ ਨਹੀਂ ਹੁੰਦਾ ਕਿਉਂਕਿ **ਤਵੱਕੁਲ** (ਵਿਸ਼ਵਾਸ) ਦਾ ਪੂਰਾ ਲੁਤਫ਼ ਨਹੀਂ ਰਹਿੰਦਾ ਅਤੇ ਜਦ **ਤਵੱਕੁਲ** (ਵਿਸ਼ਵਾਸ) ਨਾਲ਼ ਕੰਮ ਕੀਤਾ ਜਾਵੇ ਤਾਂ ਅੱਲਾਹ ਮਦਦ ਕਰਦਾ ਹੈ ਅਤੇ ਇਹ ਗੱਲਾਂ ਰੂਹਾਨੀਅਤ ਨਾਲ਼ ਪੈਦਾ ਹੁੰਦੀਆਂ ਹਨ।

ਫ਼ਰਮਾਇਆ ਕਿ ਅਸਲ ਵਿੱਚ **ਤਵੱਕੁਲ** (ਵਿਸ਼ਵਾਸ) ਹੀ ਇੱਕ ਅਜਿਹੀ ਚੀਜ਼ ਹੈ ਕਿ ਜਿਹੜਾ ਇਨਸਾਨ ਨੂੰ **ਕਾਮਯਾਬ** ਅਤੇ **ਬਾ-ਮੁਰਾਦ** ਬਣਾ ਦਿੰਦਾ ਹੈ। ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਜਿਹੜਾ ਅੱਲਾਹ ਤਆਲਾ ‘ਤੇ **ਤਵੱਕੁਲ** (ਵਿਸ਼ਵਾਸ) ਕਰਦਾ ਹੈ ਅੱਲਾਹ ਉਸ ਲਈ ਕਾਫ਼ੀ ਹੋ ਜਾਂਦਾ ਹੈ; ਇਸ ਸ਼ਰਤ ‘ਤੇ ਕਿ ਸੱਚੇ ਦਿਲ ਤੋਂ **ਤਵੱਕੁਲ** (ਵਿਸ਼ਵਾਸ) ਦੇ ਅਸਲੀ ਭਾਵ ਨੂੰ ਸਮਝ ਕੇ ਸੱਚੇ ਦਿਲ ਨਾਲ਼ ਕ਼ਦਮ ਰੱਖਣ ਵਾਲ਼ਾ ਹੋਵੇ ਅਤੇ ਸਬਰ ਕਰਨ ਵਾਲ਼ਾ ਅਤੇ ਮੁਸਤਕ਼ਿਲ ਮਿਜ਼ਾਜ (ਲਗਾਤਾਰ ਲੱਗਿਆ ਰਹਿਣ ਵਾਲ਼ਾ) ਹੋਵੇ। ਮੁਸ਼ਕਿਲਾਂ ਤੋਂ ਡਰ ਕੇ ਪਿੱਛੇ ਨਾ ਹਟ ਜਾਵੇ।

ਹਜ਼ੂਰ ﷺ ਫ਼ਰਮਾਉਂਦੇ ਹਨ: ਜੇਕਰ ਇਨਸਾਨ ‘ਤੇ ਦੀਨ ਦੇ ਗ਼ਮ ਗ਼ਾਲਿਬ ਆ ਜਾਣ ਤਾਂ ਦੁਨੀਆ ਦੇ ਕਾਰੋਬਾਰ ਦਾ ਖ਼ੁਦਾ ਆਪ ਨਿਗਰਾਨ ਹੋ ਜਾਂਦਾ ਹੈ। ਅਫ਼ਸੋਸ! ਕਿ ਵੱਡੇ ਵੱਡੇ ਹਾਦਸੇ ਰੋਜ਼ ਹੋ ਰਹੇ ਹਨ ਪਰ ਲੋਕ ਹਨ ਕਿ ਪਰਵਾਹ ਨਹੀਂ ਕਰਦੇ; ਤਵੱਜੋ ਨਹੀਂ ਕਰਦੇ। ਮੂਸਾ ਦੇ ਕਾਫ਼ਿਰ (ਇਨਕਾਰ ਕਰਨ ਵਾਲ਼ੇ) ਚੰਗੇ ਸਨ ਕਿ ਜਦ ਉਨ੍ਹਾਂ ‘ਤੇ **ਅਜ਼ਾਬ** ਨਾਜ਼ਿਲ ਹੁੰਦੇ ਸਨ ਉਸ ਵੇਲ਼ੇ ਤਾਂ ਤਵੱਜੋ ਕਰਦੇ ਸਨ ਅਤੇ ਕਹਿੰਦੇ ਸਨ ਕਿ ਟਲ਼ ਜਾਵੇ ਤਾਂ ਮੰਨ ਲਵਾਂਗੇ। ਪਰ ਅੱਜ ਕੱਲ ਦੇ ਕਾਫ਼ਿਰ (ਇਨਕਾਰ ਕਰਨ ਵਾਲ਼ੇ) ਇਨ੍ਹਾਂ ਤੋਂ ਵੀ ਜ਼ਿਆਦਾ ਸਖ਼ਤ ਜਾਨ ਹਨ ਕਿ ਨਿੱਤ ਨਵੇਂ ਅਜ਼ਾਬ ਆਉਂਦੇ ਹਨ, ਨਵੀਆਂ ਨਵੀਆਂ ਸੂਰਤਾਂ ਵਿੱਚ ਖ਼ੁਦਾ ਦਾ **ਕ਼ਹਿਰ** ਨਾਜ਼ਿਲ ਹੁੰਦਾ ਹੈ ਪਰ ਇਹ ਹਨ ਕਿ ਕੰਨ ‘ਤੇ ਜੂੰ ਨਹੀਂ ਰੇਂਗਦੀ। ਅੱਲਾਹ ਤਆਲਾ ਦਾ ਮੁੱਢ ਤੋਂ ਇਹ ਵਾਅਦਾ ਸੀ ਕਿ ਆਖ਼ਰੀ ਜ਼ਮਾਨੇ ਵਿੱਚ ਤਰ੍ਹਾਂ-ਤਰ੍ਹਾਂ ਦੇ ਅਜ਼ਾਬ ਆਉਣਗੇ। ਉਸ ਵੇਲ਼ੇ ਕੁੱਝ **ਹਿਦਾਯਤ** ਪਾ ਜਾਣਗੇ ਅਤੇ ਅਕਸਰ **ਹਲਾਕ** ਹੋ ਜਾਣਗੇ। ਨਿਸ਼ਾਨ ਤਾਂ ਖ਼ੁਦਾ ਦਿਖਾਉਂਦਾ ਹੈ ਪਰ ਨਿਸ਼ਾਨ ਤੋਂ ਉਹੀ ਫ਼ਾਇਦਾ ਉਠਾਉਂਦੇ ਹਨ ਜਿਹੜੇ ਮੋਮਿਨ ਹੁੰਦੇ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਲਾਹ ਤਆਲਾ ਇਨ੍ਹਾਂ ਦੁਨੀਆਦਾਰਾਂ ਨੂੰ ਅਕ਼ਲ ਦੇਵੇ ਕਿ ਅੱਲਾਹ ਤਆਲਾ ਦੇ ਵੱਲ ਪਰਤਣ ਅਤੇ ਆਪਣੀ **ਦੁਨੀਆ** ਅਤੇ **ਆਖ਼ਿਰਤ** ਸਵਾਰਣ ਵਾਲ਼ੇ ਹੋਣ ਅਤੇ ਅਸੀਂ ਜਿਹੜੇ ਹਜ਼ਰਤ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੂੰ ਮੰਨਣ ਵਾਲ਼ੇ ਹਾਂ; ਸਾਨੂੰ ਵੀ **ਈਮਾਨ** ਅਤੇ **ਯਕ਼ੀਨ** ਵਿੱਚ ਵਧਾਵੇ ਅਤੇ ਅਸੀਂ ਦੁਆਵਾਂ ਦੇ ਨਾਲ਼ **ਤਵੱਕੁਲ** (ਵਿਸ਼ਵਾਸ) ਦੇ ਉੱਚੇ ਮਿਆਰ ਹਾਸਿਲ ਕਰਨ ਵਾਲ਼ੇ ਅਤੇ ਉਸ ਵਿੱਚ ਵਧਣ ਵਾਲ਼ੇ ਵੀ ਹੋਈਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞
عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞